Hounslow Homes
Managing quality homes for Hounslow

# ਹੰਸਲੋ ਹੋਮਜ ਦੀਆਂ ਸੇਵਾਵਾਂ ਲੈਣੀਆਂ

## ਤੁਹਾਡੇ ਨਾਲ ਗੱਲਬਾਤ ਕਰਦੇ ਹੋਏ

Accessing Hounslow Homes Services - Panjabi

## ਹੰਸਲੋ ਹੋਮਜ ਦੀਆਂ ਸੇਵਾਵਾਂ

### ਅਸੀਂ ਕੌਣ ਹਾਂ

ਬਾਰੋ ਵਿਚ ਪਾਏ ਜਾਂਦੇ 16,500 ਕੌਂਸਲ ਦੇ ਘਰਾਂ ਦਾ ਪ੍ਰਬੰਧ ਕਰਨ ਲਈ ਹੰਸਲੋ ਹੋਮਜ ਸੰਨ 2002 ਵਿਚ ਸਥਾਪਤ ਕੀਤਾ ਗਿਆ ਸੀ। ਬਾਰੋ ਵਿਚ ਰਿਹਾਇਸ਼ ਦੀ ਕਿਸਮ ਦਾ ਸੁਧਾਰ ਕਰਕੇ, ਸਾਨੂੰ ਆਸ ਹੈ ਕਿ ਅਸੀਂ ਸੰਨ 2007 ਤੱਕ ਗੌਰਮਿੰਟ ਦੇ 'ਡੀਸੈਂਟ ਹੋਮਜ਼' (ਸੁੱਥਰੇ ਘਰਾਂ) ਦਾ ਟੀਚਾ ਹਾਸਲ ਕਰਾਂਗੇ।

### ਅਸੀਂ ਕੀ ਕਰਦੇ ਹਾਂ

ਅਸੀਂ ਕੌਂਸਲ ਦੇ ਘਰਾਂ ਦਾ ਪ੍ਰਬੰਧ, ਮੁਰੰਮਤ ਅਤੇ ਇਨ੍ਹਾਂ ਵਿਚ ਸੁਧਾਰ ਕਰਦੇ ਹਾਂ ਅਤੇ ਹੋਰਨਾਂ ਨਾਲ ਮਿਲ ਕੇ ਸੁਰੱਖਿਅਤ ਸਮਾਜ ਅਤੇ ਰਹਿਣ ਲਈ ਅੱਛੀਆਂ ਥਾਵਾਂ ਬਣਾਉਂਦੇ ਹਾਂ।

ਹੰਸਲੋ ਕੌਂਸਲ ਬਾਰੋ ਵਿਚ ਘਰਾਂ ਦੀ ਮਾਲਕ ਹੈ ਅਤੇ ਕਿਰਾਏਦਾਰਾਂ ਲਈ ਘਰ ਮਿੱਥਣ ਅਤੇ ਇਨ੍ਹਾਂ ਦੇ ਕਿਰਾਏ ਮਿੱਥਣ ਲਈ ਜ਼ਿੰਮੇਵਾਰ ਹੈ।

## ਸਾਡੀਆਂ ਸੇਵਾਵਾਂ ਤੱਕ ਪਹੁੰਚ ਕਰਨੀ

### ਬੋਲੀਆਂ

ਜਿਹੜੇ ਲੋਕ ਅੰਗਰੇਜ਼ੀ ਨਹੀਂ ਜਾਣਦੇ ਉਨ੍ਹਾਂ ਲਈ ਹੰਸਲੋ ਹੋਮਜ਼ ਲਿਖਤੀ ਅਤੇ ਜ਼ੁਬਾਨੀ ਤਰਜਮੇ ਦਾ ਪ੍ਰਬੰਧ ਕਰ ਸਕਦੀ ਹੈ।

ਜੇਕਰ ਤੁਹਾਨੂੰ ਕਿਸੇ ਹੋਰ ਬੋਲੀ ਵਿਚ ਜਾਣਕਾਰੀ ਦੀ ਲੋੜ ਹੈ, ਤਾਂ ਇਸ ਨੰਬਰ 'ਤੇ ਸੰਪਰਕ ਕਰੋ: 020 8583 2297 ਜਾਂ ਮਿਨੀਕਾਮ ਕਰੋ: 020 8583 3122 ਅਤੇ ਰੈਫ਼ਰੈਂਸ ਨੰਬਰ ਅਤੇ ਪਰਚੇ ਦਾ ਨਾਮ ਦੱਸੋ।

### ਦਫ਼ਤਰ ਵਿਚ ਆਪ ਜਾਣਾ

ਤੁਸੀਂ ਹੰਸਲੋ ਹੋਮਜ਼ ਦੇ ਦਫ਼ਤਰਾਂ ਵਿਚ ਆਪ ਜਾ ਸਕਦੇ ਹੋ, ਜਿਥੇ ਵੀਲ੍ਹ-ਚੇਅਰਾਂ, ਬੱਚਿਆਂ ਦੀਆਂ ਬੱਗੀਆਂ, ਬੱਚਿਆਂ ਦੀਆਂ ਨਾਪੀਆਂ ਵਗੈਰਾ ਬਦਲਣ ਦੀ ਜਗ੍ਹਾ ਅਤੇ ਟੌਆਇਲਟਾਂ ਦਾ ਪ੍ਰਬੰਧ ਹੈ। ਜੇਕਰ ਤੁਸੀਂ ਦਫਤਰ ਵਿਚ ਨਹੀਂ ਆ ਸਕਦੇ, ਤਾਂ ਤੁਹਾਡੇ ਘਰ ਆ ਕੇ ਮਿਲਣ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ।

### ਲੂਪ-ਸਿਸਟਮ

ਸਿਵਿਕ ਸੈਂਟਰ, ਚਿਜ਼ਿਕ ਟਾਊਨ-ਹਾਲ, ਬਰੈਂਟਫ਼ਰਡ ਅਤੇ ਫ਼ੈਲਥਮ ਵਿਚ ਸੇਂਟ ਕੈਥਰਿਨਜ਼ ਹਾਊਸ ਦੇ ਹਾਊਸਿੰਗ ਦੇ ਦਫ਼ਤਰਾਂ ਦੇ ਕਮਰਿਆਂ ਵਿਚ ਲੂਪ-ਸਿਸਟਮ ਫ਼ਿੱਟ ਕੀਤੇ ਗਏ ਹਨ। ਜਿੱਥੇ ਲੂਪ-ਸਿਸਟਮ ਫ਼ਿੱਟ ਨਹੀਂ ਕੀਤੇ ਗਏ, ਉਥੇ ਪੋਰਟੇਬਲ (ਇਧਰ ਓਧਰ ਲੈ ਜਾ ਸਕਣ ਵਾਲਾ) ਲੂਪ-ਸਿਸਟਮ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ। ਸੁਣਨ ਦੀ ਮੁਸ਼ਕਲ

ਰੱਖਣ ਵਾਲੇ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਵਿਚ ਜਾਂ ਕਿਧਰੇ ਹੋਰ ਜਾ ਕੇ ਮਿਲਣ ਲਈ ਸਟਾਫ਼ ਦੇ ਮੈਂਬਰ ਅਜਿਹੇ ਲੂਪ ਸਿਸਟਮ ਦੀ ਵਰਤੋਂ ਕਰ ਸਕਦੇ ਹਨ। ਜੇਕਰ ਤੁਹਾਨੂੰ ਇਸ ਸਹੂਲਤ ਦੀ ਲੋੜ ਹੈ, ਤਾਂ ਕ੍ਰਿਪਾ ਕਰਕੇ ਹੰਸਲੋ ਹੋਮਜ਼ ਦੇ ਸਟਾਫ਼ ਦੇ ਕਿਸੇ ਮੈਂਬਰ ਨਾਲ ਗੱਲ ਕਰੋ।

### ਸੁਨਣ ਵਾਲੀਆਂ ਟੇਪਾਂ

ਤੁਹਾਡੀ ਬੇਨਤੀ 'ਤੇ ਹੰਸਲੋ ਹੋਮਜ਼ ਤੁਹਾਨੂੰ ਲਿਖਤੀ ਜਾਣਕਾਰੀ ਸੁਨਣ ਵਾਲੀਆਂ ਟੇਪਾਂ 'ਤੇ ਮੁਹੱਈਆ ਕਰ ਸਕਦੇ ਹਨ।

### ਬਰੇਲ

ਹੰਸਲੋ ਹੋਮਜ਼ ਲਿਖਤੀ ਜਾਣਕਾਰੀ ਅਤੇ ਖ਼ਤ ਬਗੈਰਾ ਬਰੇਲ ਵਿਚ ਵੀ ਭੇਜ ਸਕਦੇ ਹਨ।

### ਇਸ਼ਾਰਿਆਂ ਦੀ ਬੋਲੀ ਵਿਚ ਗੱਲ ਕਰਨ ਵਾਲੇ ਇੰਟਰਪ੍ਰਿਟਰਜ਼

ਹੰਸਲੋ ਹੋਮਜ (ਬ੍ਰਿਟਿਸ਼ ਅਤੇ ਹੋਰ) ਇਸ਼ਾਰਿਆਂ ਦੀ ਬੋਲੀ ਵਿਚ ਗੱਲ ਕਰਨ ਵਾਲੇ ਇੰਟਰਪ੍ਰਿਟਰਜ਼ ਦਾ ਪ੍ਰਬੰਧ ਕਰ ਸਕਦੇ ਹਨ।

### ਵੱਡੇ ਅੱਖਰਾਂ ਵਿਚ ਲਿਖਤ

ਹੰਸਲੋ ਹੋਮਜ਼ ਜਾਣਕਾਰੀ ਅਤੇ ਖ਼ਤਾਂ ਨੂੰ ਵੱਡੇ ਅੱਖਰਾਂ ਵਿਚ ਛਪਾ ਕੇ ਵੀ ਭੇਜ ਸਕਦੇ ਹਨ।

### ਟਾਈਪ-ਟਾਕ ਜਾਂ ਮਿਨੀਕਾਮ

ਹੰਸਲੋ ਹੋਮਜ਼ ਟਾਈਪ-ਟਾਕ ਦੀਆਂ ਕਾਲਾਂ ਵੀ ਲੈਂਦੇ ਹਨ। ਇਹ ਕਾਲਾਂ ਗੁੱਪਤ ਰੱਖੀਆਂ ਜਾਂਦੀਆਂ ਹਨ ਅਤੇ ਓਪਰੇਟਰ ਦੁਆਰਾ ਮਿਨੀਕਾਮ ਦੀ ਵਰਤੋਂ ਕਰਨ ਵਾਲੇ ਅਤੇ ਸੁਨਣ ਵਾਲੇ ਬੰਦਿਆਂ ਵਿਚ ਹੀ ਰਹਿੰਦੀਆਂ ਹਨ।

*ਜੇਕਰ ਤੁਹਾਨੂੰ ਹਾਊਸਿੰਗ ਦੀ ਕੋਈ ਵੀ ਜਾਣਕਾਰੀ ਕਿਸੇ ਹੋਰ ਬੋਲੀ ਜਾਂ ਸ਼ਕਲ ਵਿਚ ਚਾਹੀਦੀ ਹੈ, ਤਾਂ ਕ੍ਰਿਪਾ ਕਰਕੇ ਆਪਣੇ ਇਲਾਕੇ ਦੇ ਹਾਊਸਿੰਗ ਆਫ਼ਿਸ ਨਾਲ ਗੱਲ ਕਰੋ। ਜੇਕਰ ਤੁਸੀਂ ਦਫ਼ਤਰ ਵਿਚ ਆਪ ਜਾ ਰਹੇ ਹੋ ਅਤੇ ਤੁਹਾਨੂੰ ਕਿਸੇ ਖ਼ਾਸ ਸਹੂਲਤ ਦੀ ਲੋੜ ਹੈ, ਤਾਂ ਉਨ੍ਹਾਂ ਨੂੰ ਪਹਿਲਾਂ ਫ਼ੋਨ ਕਰਕੇ ਦੱਸੋ, ਤਾਂ ਕਿ ਇਸ ਦਾ ਪ੍ਰਬੰਧ ਕੀਤਾ ਜਾ ਸਕੇ।*

## ਆਪਣੇ ਇਲਾਕੇ ਦੇ ਹਾਊਸਿੰਗ ਆਫ਼ਿਸਾਂ ਨਾਲ ਸੰਪਰਕ ਕਰਨਾ

**ਈਸਟ ਏਰੀਆ:**

**ਚਿਜ਼ਿਕ ਅਤੇ ਬਰੈਂਟਫ਼ਰਡ**

ਚਿਜ਼ਿਕ ਟਾਊਨ-ਹਾਲ, ਹੀਥਫ਼ੀਲਡ ਟੈਰੇਸ, ਚਿਜ਼ਿਕ Chiswick Town Hall, Heathfield Terrace, Chiswick W4 4JE

ਜਾਂ

58 – 59 ਬਰੈਂਟਫਰਡ ਹਾਈ ਸਟ੍ਰੀਟ, ਬਰੈਂਟਫਰਡ 58 -59 Brentford High Street, Brentford TW8 0AH

ਟੈਲੀਫ਼ੋਨ: 020 8583 4220

ਮਿਨੀਕਾਮ: 0208 8583 4390

ਫ਼ੈਕਸ:020 8583 4228

ਈਮੇਲ: info.housingeast@hounslowhomes.org.uk

**ਸੈਂਟਰਲ ਏਰੀਆ:**

**ਹੈਸਟਨ/ਕਰੈਨ.ਫਰਡ ਅਤੇ ਹੰਸਲੋ/ਆਈਜ਼ਲਵਰਥ ਆਫ਼ਿਸ**

ਸਿਵਿਕ ਸੈਂਟਰ, ਲੈਂਪਟਨ ਰੋਡ, ਹੰਸਲੋ The Civic Centre, Lampton Road, Hounslow TW3 4DN

ਟੈਲੀਫ਼ੋਨ: 020 8583 4382

ਮਿਨੀਕਾਮ: 0208 8583 3959

ਫ਼ੈਕਸ:020 8583 3723

ਈਮੇਲ: info.housingcentral@hounslowhomes.org.uk

**ਵੈਸਟ ਏਰੀਆ:**

**ਫ਼ੈਲਥਮ/ਬੈਂਡ.ਫ਼ੰਟ ਅਤੇ ਹੈਨਵਰਥ ਆਫ਼ਿਸ**

ਸੇਂਟ ਕੈਥਰਿਨ ਹਾਊਸ, 2 ਹੈਨਵਰਥ ਰੋਡ, ਫ਼ੈਲਥਮ St.Catherine's House, 2 Hanworth Road, TW13 5AB Feltham

ਟੈਲੀਫ਼ੋਨ: 020 8583 4383

ਮਿਨੀਕਾਮ: 0208 8583 4387

ਫ਼ੈਕਸ:020 8583 4052

ਈਮੇਲ: info.housingwest@hounslowhomes.org.uk

## ਰਿਪੇਅਰ ਕਾਲ ਸੈਂਟਰ

ਫਰੀਫ਼ੋਨ: 0800 085 6575

ਮਿਨੀਕਾਮ: 0800 389 9821

ਦਫ਼ਤਰ ਦੇ ਸਮੇਂ ਤੋਂ ਬਾਅਦ/

ਅਮਰਜੰਸੀ ਰਿਪੇਅਰਜ਼: 020 8583 2222

## ਲਿੰਕ ਲਾਈਨ

ਜੇਕਰ ਤੁਹਾਨੂੰ ਮਦਦ ਦੀ ਲੋੜ ਪਵੇ, ਤਾਂ ਲਿੰਕ-ਲਾਈਨ ਰਾਹੀਂ ਤੁਸੀਂ ਇਕ ਬਟਨ ਦਬਾ ਕੇ ਹੀ ਕਿਸੇ ਨੂੰ ਚੁਕੰਨਾ ਕਰ ਸਕਦੇ ਹੋ। ਲਿੰਕ-ਲਾਈਨ ਦਾ ਸਟਾਫ਼ ਤੁਹਾਡੀ ਮਦਦ ਲਈ ਟੈਲੀਫ਼ੋਨ 'ਤੇ 24 ਘੰਟੇ, ਸਾਲ ਦੇ 365 ਦਿਨ ਹਾਜ਼ਰ ਹੁੰਦਾ ਹੈ ਅਤੇ ਤੁਹਾਨੂੰ ਤਸੱਲੀ ਹੁੰਦੀ ਹੈ ਕਿ ਤੁਹਾਨੂੰ ਕਿਸੇ ਵੇਲੇ ਵੀ ਮਦਦ ਮਿਲ ਸਕਦੀ ਹੈ ਅਤੇ ਤੁਸੀਂ ਆਜ਼ਾਦੀ ਨਾਲ ਰਹਿ ਸਕਦੇ ਹੋ।

ਹੋਰ ਜਾਣਕਾਰੀ ਲੈਣ ਲਈ ਇਸ ਨੰਬਰ 'ਤੇ ਫ਼ੋਨ ਕਰੋ: 020 8583 4400

## ਲੋਕਾਂ ਦੀਆਂ ਸ਼ਿਕਾਇਤਾਂ ਅਤੇ ਵਿਚਾਰ ਜਾਨਣੇ

ਟੈਲੀਫ਼ੋਨ: 020 8583 3737

ਮਿਨੀਕਾਮ: 0800 389 9821

ਫ਼ੈਕਸ: 020 8583 4336

ਈਮੇਲ: complaints.team@hounslowhomes.org.uk

## ਲੰਡਨ ਬਾਰੋ ਆਫ਼ ਹੰਸਲੋ

## ਅਮਰਜੰਸੀ

ਦਫ਼ਤਰ ਦੇ ਸਮੇਂ ਤੋਂ ਬਾਅਦ: 020 8583 2222
ਜਾਂ ਹੋਮਲੈੱਸ (ਬੇ-ਘਰੇ): 0208 583 3842 (ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ)

## ਵੈੱਬ-ਸਾਈਟ

ਇਸ ਦਾ ਪਤਾ ਇਹ ਹੈ: **www. hounslowhomes.org.uk**

## ਲਿਖਤੀ ਅਤੇ ਜ਼ੁਬਾਨੀ ਤਰਜਮਾ

ਜੇਕਰ ਤੁਹਾਨੂੰ ਇਸ ਕਿਤਾਬਚੇ 'ਹੰਸਲੋ ਹੋਮਜ ਦੀਆਂ ਸੇਵਾਵਾਂ ਕਿਵੇਂ ਲੈਣੀਆਂ ਹਨ' ਦੀ ਕਾਪੀ ਕਿਸੇ ਹੋਰ ਬੋਲੀ ਜਾਂ ਸ਼ਕਲ ਵਿਚ ਚਾਹੀਦੀ ਹੈ, ਤਾਂ ਕ੍ਰਿਪਾ ਕਰਕੇ ਇਸ ਨੰਬਰ 'ਤੇ ਫ਼ੋਨ ਕਰੋ: 020 8583 2299 ਜਾਂ ਮਿਨੀਕਾਮ ਕਰੋ: 020 8583 3122

ਹੰਸਲੋ ਹੋਮਜ ਸਾਰੇ ਲੋਕਾਂ ਨੂੰ ਬਰਾਬਰੀ ਦੇ ਮੌਕੇ ਦੇਣ ਲਈ ਪੂਰੀ ਤਰ੍ਹਾਂ ਬਚਨਵੱਧ ਹਨ ਅਤੇ ਹੇਠ ਲਿਖੀਆਂ ਗੱਲਾਂ ਦੇ ਭਿੰਨ-ਭੇਦ ਤੋਂ ਬਿਨਾਂ ਉਹ ਸਾਰੇ ਲੋਕਾਂ ਨਾਲ ਸਹੀ ਵਰਤਾਓ ਕਰਨ ਅਤੇ ਇੱਜ਼ਤ ਕਰਨ ਲਈ ਬਚਨ-ਵੱਧ ਹੈ: ਉਮਰ, ਰੰਗ, ਨਸਲ, ਧਾਰਮਿਕ ਵਿਸ਼ਵਾਸ, ਕੌਮੀਅਤਾ, ਨਸਲੀ ਜਾਂ ਰਾਸ਼ਟਰੀ ਮੁੱਢ, ਲਿੰਗ, ਲਿੰਗਕਤਾ, ਵਿਆਹੁਤਾ ਪੱਧਰ, ਨਿਰਭਰ ਲੋਕਾਂ ਦੀ ਜ਼ਿੰਮੇਵਾਰੀ, ਅਸਮਰਥਤਾ, ਟ੍ਰੇਡ-ਯੂਨੀਅਨ ਜਾਂ ਰਾਜਨੀਤਕ ਸਰਗਰਮੀ ਅਤੇ ਕੋਈ ਵੀ ਹੋਰ ਕੰਮਜ਼ੋਰ ਗਰੁੱਪ।